THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਪੀਐਸਬੀਟੀ/ਆਈਟੀਆਈ / 543 <u>**ਅਤਿ ਜ਼ਰੂਰੀ/ਸਮਾਂ ਬੱਧ**</u> ਮਿਤੀ: 21.6.17

ਵੱਲ,

ਪ੍ਰਿੰਸੀਪਲ,
ਉਦਯੋਗਿਕ ਸਿਖਲਾਈ ਸੰਸਥਾਵਾਂ/ਪ੍ਰੀਖਿਆ ਕੇਂਦਰ,
(ਜੁਲਾਈ 2017 ਲਈ ਪ੍ਰੀਖਿਆ ਕੇਂਦਰ)।

ਵਿਸ਼ਾ: **ਜੁਲਾਈ/ਅਗਸਤ 2017 ਦੀ ਐਨ.ਸੀ.ਵੀ.ਟੀ ਪ੍ਰੀਖਿਆ ਲਈ ਬੈਂਕ ਐਗਰੀਮੈਂਟ (Bank Agreement) ਦੀ ਕਾਪੀ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਜੁਲਾਈ 2017 ਦੀ ਵਿੱਚ ਸ਼ੁਰੂ ਹੋ ਰਹੀ ਐਨ.ਸੀ.ਵੀ.ਟੀ ਦੀ ਪ੍ਰੀਖਿਆ ਲਈ ਨੱਥੀ ਲਿਸਟ ਅਨੁਸਾਰ ਆਪ ਜੀ ਦੀ ਸੰਸਥਾ ਨੂੰ ਪ੍ਰੀਖਿਆ ਕੇਂਦਰ ਬਣਾਇਆ ਗਿਆ ਹੈ। ਇਸ ਪ੍ਰੀਖਿਆ ਨੂੰ ਸੁਚਾਰੂ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਡੀ.ਜੀ.ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਆਪ ਜੀ ਦੇ ਪ੍ਰੀਖਿਆ ਕੇਂਦਰ ਵਿਖੇ ਪ੍ਰਸ਼ਨ ਪੱਤਰ ਭੇਜਣ ਲਈ ਕਿਸੇ ਵੀ ਪਬਲਿਕ ਸੈਕਟਰ ਬੈਂਕ ਨਾਲ ਕੀਤੇ ਗਏ **ਬੈਂਕ ਐਗਰੀਮੈਂਟ (Bank Agreement)** ਦੀ ਕਾਪੀ ਤੁਰੰਤ ਲੋੜੀਂਦੀ ਹੈ, ਜਿਸ ਦੀ ਕਿ ਸੂਚਨਾ ਪਹਿਲ ਦੇ ਆਧਾਰ ਤੇ ਡੀ.ਜੀ.ਟੀ, ਨਵੀਂ ਦਿੱਲੀ ਵਿਖੇ ਭੇਜੀ ਜਾਣੀ ਹੈ।

ਉਪਰੋਕਤ ਦੇ ਸਨਮੁੱਖ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਪ੍ਰੀਖਿਆ ਕੰਡਕਟ ਕਰਵਾਉਣ ਲਈ ਬੈਂਕ ਨਾਲ ਐਗਰੀਮੈਂਟ ਸਾਈਨ ਕਰਕੇ ਨੱਥੀ ਪ੍ਰਫਾਰਮੇ ਵਿੱਚ ਸੂਚਨਾ ਭਰ ਕੇ ਕੇਵਲ ਸਾਫਟ ਕਾਪੀ ਦੇ ਰੂਪ ਵਿੱਚ ਬੋਰਡ ਦਫਤਰ ਵਿਖੇ ਮਿਤੀ 21-06-2017 ਨੂੰ ਸ਼ਾਮ 4 ਵਜੇ ਤੱਕ ਹਰ ਹਾਲਤ ਵਿੱਚ ਈਮੇਲ ਐਡਰੈਸ aceitipb@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ। ਸੂਚਨਾ ਸਮੇਂ ਸਿਰ ਨਾ ਭੇਜਣ ਜਾਂ ਅਧੂਰੀ ਭੇਜਣ ਜਾਂ ਹਦਾਇਤਾਂ ਅਨੁਸਾਰ ਨਾ ਭੇਜਣ ਦੀ ਸੂਰਤ ਵਿੱਚ ਸੰਸਥਾ ਦੇ ਵਿਰੁੱਧ ਰੂਲਾਂ ਅਨੁਸਾਰ ਯੋਗ ਕਾਰਵਾਈ ਆਰੰਭਣ ਲਈ ਸਿਫਾਰਿਸ਼ ਕਰ ਦਿੱਤੀ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

**ਨੋਟ: ਉਪਰੋਕਤ ਸੂਚਨਾ ਕੇਵਲ ਈਮੇਲ ਐਡਰੈਸ** <u>aceitipb@gmail.com</u> **ਤੇ ਸਾਫਟ ਕਾਪੀ ਦੇ ਰੂਪ ਵਿੱਚ ਹੀ ਭੇਜੀ ਜਾਵੇ।**

**ਨੱਥੀ: ਪ੍ਰੀਖਿਆ ਕੇਂਦਰਾਂ ਦੀ ਲਿਸਟ ਅਤੇ ਨਿਰਧਾਰਿਤ ਪ੍ਰਫਾਰਮਾ**

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ